## ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰਾਜੈਕਟ

**ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ,ਪੰਜਾਬ।**

**ਸਿੱਖਿਆ ਭਵਨ(ਪੰਜਾਬ ਸਕੂਲ ਸਿੱਖਿਆ ਬੋਰਡ),ਪੰਜਵੀਂ ਮੰਜ਼ਿਲ,ਬਲਾਕ-ਈ,ਫੇਜ਼-8,ਅਜੀਤਗੜ੍ਹ(ਮੋਹਾਲੀ)**

**ਪੰਜਾਬ-160062 ਫੋਨ ਨੰ: 0172-5212313,5212359 ਫੈਕਸ ਨੰ:0172-5212369,5212370**

**ਈ-ਮੇਲ:ddssa777@gmail.com Website: ssapunjab.org**


**ਇਨਫੋਰਸਮੈਂਟ ਸ਼ਾਖਾ**

ਹੁਕਮਨੰ: ਇਨਫੋਰਸਮੈਟ-2/Patiala/2013/

ਮਿਤੀ: ਐਸ.ਏ.ਐਸ ਨਗਰ:- 15/5/15

ਸ੍ਰੀਮਤੀ ਸੁਖਵਿੰਦਰ ਕੋਰ ਮੈਥ ਮਿਸਟ੍ਰੈਸ, ਸ:ਗ:ਮ:ਪ:ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਜਿਲਾ ਪਟਿਆਲਾ ਨੂੰ ਮਿਤੀ: 02-04-13 ਤੋ ਸਰਕਾਰੀ ਡਿਊਟੀ ਤੋ ਅਣ-ਅਧਿਕਾਰਤ ਤੋਰ ਤੇ ਗੈਰਹਾਜਰ ਕਾਰਨ ਵੱਡੀ ਸਜ਼ਾ ਦੇਣ ਲਈ ਲਈ ਪੰਜਾਬ ਸਿਵਲ ਸੇਵਾਵਾਂ (ਸਜ਼ਾ ਤੇ ਅਪੀਲ) ਨਿਯਮਾਂਵਾਲੀ 1970 ਦੇ ਨਿਯਮ 8 ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਉਸ ਵਿਰੁੱਧ ਜਾਰੀ ਦੋਸ਼ ਸੂਚੀ ਵਿੱਚ ਲੱਗੇ ਦੋਸ਼ਾਂ ਦੀ ਸਚਾਈ ਜਾਨਣ ਲਈ ਸ੍ਰੀਮਤੀ ਨਿਸ਼ੀ ਜਲੋਟਾ, ਪ੍ਰਿੰਸੀਪਲ, ਸਸਸਸ (ਕੰਨਿਆ) ਨਾਭਾ ਜਿਲ੍ਹਾ ਪਟਿਆਲਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ।ਪੜਤਾਲੀਆ ਅਫਸਰ ਵੱਲੋ ਪੇਸ਼ ਕੀਤੀ ਗਈ ਪੜਤਾਲ ਰਿਪੋਰਟ ਅਨੁਸਾਰ ਕਰਮਚਾਰਨ ਦਾ ਗੈਰ-ਹਾਜਰ ਰਹਿਣ ਦਾ ਦੋਸ਼ ਸਿੱਧ ਹੁੰਦਾ ਹੈ।

ਪੜਤਾਲ ਰਿਪੋਰਟ ਦੇ ਆਧਾਰ ਤੇ ਦੋ ਅਖਬਾਰਾਂ ਵਿੱਚ ਦਿੱਤੇ ਪਬਲਿਕ ਨੋਟਿਸ ਰਾਹੀ ਸਬੰਧਤ ਕਰਮਚਾਰਨ ਨੂੰ 21 ਦਿਨ੍ਹਾ ਦੇ ਅੰਦਰ ਅੰਦਰ ਇਸ ਦਫਤਰ ਵਿਖੇ ਨਿੱਜੀ ਤੋਰ ਤੇ ਜਾਂ ਲਿਖਤੀ ਰੂਪ ਵਿੱਚ ਆਪਣਾ ਪੱਖ ਪੇਸ਼ ਕਰਨ ਦਾ ਮੋਕਾ ਦਿੱਤਾ ਗਿਆ ਸੀ, ਕਰਮਚਾਰਨ ਵੱਲੋ ਨਿਰਧਾਰਤ ਸਮੇ ਦੇ ਅੰਦਰ ਅੰਦਰ ਆਪਣਾ ਪੱਖ ਪ੍ਰੇਸ ਕਰਨ ਪ੍ਰਤੀਬੇਨਤੀ ਇਸ ਦਫਤਰ ਨੂੰ ਪ੍ਰਾਪਤ ਹੋਈ, ਕਰਮਚਾਰਨ ਦੀ ਪ੍ਰਤੀਬੇਨਤੀ ਨੂੰ ਵਿਚਾਰਨ ਉਪਰੰਤ ਨਿੱਜੀ ਸੁਣਵਾਈ ਲਈ ਹੋਰ ਮੋਕਾ ਦਿੱਤਾ ਗਿਆ, ਪਰ ਕਰਮਚਾਰਨ ਆਪਣੀ ਪ੍ਰਤੀਬੇਨਤੀ ਮਿਤੀ: 25-2-14 ਰਾਹੀ ਹੋਰ ਵਾਜਬ ਸਮੇ ਦੀ ਮੰਗ ਕੀਤੀ ਗਈ। ਉਪਰੋਕਤ ਤੋ ਸਪੱਸ਼ਟ ਹੈ ਕਿ ਕਰਮਚਾਰਨ ਵਿਭਾਗ ਦੀ ਆਗਿਆ ਤੋ ਬਿਨ੍ਹਾ ਵਿਦੇਸ਼ ਰਹਿ ਰਹੀ ਹੈ ਅਤੇ ਆਪਣੀ ਸੇਵਾਵਾਂ ਲਗਾਤਾਰ ਰੱਖਣ ਲਈ ਵਾਧੂ ਦੀ ਲਿਖਾਪੜੀ ਕਰ ਰਹੀ ਹੈ।

ਇਸ ਲਈ ਮੈਂ ਅੰਜਲੀ ਭਾਵੜਾ, ਆਈ.ਏ.ਐਸ ਪ੍ਰਮੁੱਖ ਸਕੱਤਰ ਸਕੂਲ ਸਿੱਖਿਆ ਪੰਜਾਬ, ਪੜਤਾਲ ਰਿਪੋਰਟ ਅਤੇ ਉਸ ਦੀ ਗੈਰ ਹਾਜਰੀ ਨਾਲ ਸਬੰਧਤ ਰਿਕਾਰਡ ਨੂੰ ਘੋਖਣ ਉਪਰੰਤ ਇਸ ਸਿੱਟੇ ਤੇ ਪੁੱਜੀ ਹਾਂ ਕਿ ਸ੍ਰੀਮਤੀ ਸੁਖਵਿੰਦਰ ਕੋਰ ਮੈਥ ਮਿਸਟ੍ਰੈਸ, ਸ:ਗ:ਮ:ਪ:ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਜਿਲਾ ਪਟਿਆਲਾ ਨੂੰ ਮਿਤੀ: 02-04-13 ਤੋ ਜਾਣ ਬੁੱਝ ਕੇ ਡਿਊਟੀ ਤੋ ਗੈਰ ਹਾਜਰ ਹੈ ਅਤੇ ਉਹ ਸਰਕਾਰੀ ਸੇਵਾ ਕਰਨ ਵਿੱਚ ਦਿਲਚਸਪੀ ਨਹੀ ਰੱਖਦੀ। ਇਸ ਲਈ ਸ੍ਰੀਮਤੀ ਸੁਖਵਿੰਦਰ ਕੋਰ ਮੈਥ ਮਿਸਟ੍ਰੈਸ,

ਸ:ਗ:ਮ:ਪ:ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਜਿਲਾ ਪਟਿਆਲਾ ਨੂੰ ਮਿਤੀ: 02-04-13 ਤੋ ਗੈਰ ਹਾਜਰ ਰਹਿਣ ਕਾਰਨ ਸਿਵਲ ਸੇਵਾਵਾਂ (ਸ਼ਜਾ ਅਤੇ ਅਪੀਲ) ਨਿਯਮਾਂਵਲੀ, 1970 ਦੇ ਨਿਯਮ 8 ਵੱਡੀਆ ਸਜ਼ਾਵਾਂ ਦੇ ਨਿਯਮ (VIII) ਵਿੱਚ ਵਰਣਿਤ ਸ਼ਜਾ ਦਿੰਦੇ ਹੋਏ, ਉਸ ਦੀਆ ਸੇਵਾਵਾਂ ਮਿਤੀ: 02-04-2013 ਤੋ ਸਮੇ ਤੋ ਖਤਮ ਕੀਤੀਆ ਜਾਂਦੀਆ ਹਨ।

ਅੰ. ਭਾਵੜਾ

**ਅੰਜਲੀ ਭਾਵੜਾ,ਆਈ. ਏ ਐਸ.**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਕੂਲ ਸਿੱਖਿਆ**

ਪਿੰਠ ਅੰਕਣ ਨੰ: ਇਨਫੋਰਸਮੈਟ-2/Patiala/2013/4387-90
ਮਿਤੀ: ਐਸ. ਏ. ਐਸ ਨਗਰ: 16/4/14

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1) ਡੀ. ਪੀ. ਆਈ (ਸੈ:ਸਿ:)ਪੰਜਾਬ ।
2) ਮੰਡਲ ਸਿੱਖਿਆ ਅਫਸਰ ਪਟਿਆਲਾ ਮੰਡਲ ਨਾਭਾ।
3) ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਹ ਹੁਕਮ ਕਰਮਚਾਰੀ ਦੇ ਵਿਦੇਸ਼ੀ/ਪੱਕੇ ਪਤੇ ਤੇ ਸਰਵ ਕਰਵਾ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।
4) ਸ਼੍ਰੀਮਤੀ ਸੁਖਵਿੰਦਰ ਕੋਰ( ਮੈਥ ਮਿਸਟ੍ਰੈਸ, ਸ:ਗ:ਮ:ਪ:ਸੀਨੀਅਰ ਸੈਕੰਡਰੀ ਸਕੂਲ ਮਾਡਲ ਟਾਊਨ ਪਟਿਆਲਾ ਜਿਲਾ ਪਟਿਆਲਾ) 5456 Bullrush Drive.MIssissauga.Ontario. Canada, L5V1Z1

ਅੰ. ਭਾਵੜਾ

**ਅੰਜਲੀ ਭਾਵੜਾ,ਆਈ. ਏ ਐਸ.**
**ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਸਕੂਲ ਸਿੱਖਿਆ**